# ਨਮੂਨੇ ਦਾ ਪ੍ਰਸ਼ਨ-ਪੱਤਰ
## ਜਮਾਤ-ਬਾਰ੍ਹਵੀਂ
## ਲਾਜ਼ਮੀ ਪੰਜਾਬੀ
## ਵਿੱਦਿਅਕ ਵਰ੍ਹਾ: 2020-2021

ਸਮਾਂ: 3 ਘੰਟੇ

ਲਿਖਤੀ ਅੰਕ= 80,ਅਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹਨ।
(2) ਸਾਰੇ ਪ੍ਰਸ਼ਨ ਜ਼ਰੂਰੀ ਹਨ।
(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹਨ।

### ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:

### ਭਾਗ(ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ:

1. ਸੱਭਿਆਚਾਰ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ?
2. 'ਪੰਜਾਬ ਦੇ ਰਸਮ-ਰਿਵਾਜ' ਲੇਖ ਦੇ ਲੇਖਕ ਦਾ ਨਾਂ ਕੀ ਹੈ?
3. 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਨਾਂ ਦੀ ਕਵਿਤਾ ਦੇ ਕਵੀ ਦਾ ਨਾਂ ਦੱਸੋ।
4. 'ਆਪਣਾ ਦੇਸ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਦੱਸੋ।
5. 'ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ' ਅਖਾਉਤ ਦੀ ਵਰਤੋਂ ਸਥਿਤੀ ਦੱਸੋ।

### ਭਾਗ(ਅ): ਬਹੁ-ਚੋਣਵੇਂ ਪ੍ਰਸ਼ਨ:

1. ਔਜ਼ਾਰਾਂ ਦਾ ਵਿਕਾਸ ਕਿਸ ਚੀਜ਼ ਦੀ ਲੱਭਤ ਨਾਲ਼ ਹੋਇਆ ?

   (ੳ) ਅੱਗ (ਅ) ਪਾਣੀ (ਬ) ਧਾਤਾਂ (ਸ) ਪੱਥਰ ।

2. 'ਕਿੱਕਲੀ' ਲੋਕ-ਨਾਚ ਮੁੱਖ ਰੂਪ ਵਿੱਚ ਕਿੰਨ੍ਹਾਂ ਦਾ ਨਾਚ ਹੈ?
   (ੳ) ਮੁੰਡਿਆਂ ਦਾ (ਅ) ਔਰਤਾਂ ਦਾ
   (ੲ) ਮਰਦਾਂ ਦਾ (ਸ) ਛੋਟੀਆਂ ਕੁੜੀਆਂ ਦਾ

3. 'ਸਵੈ-ਭਰੋਸਾ, ਵੱਡਾ ਤੋਸਾ' ਅਖਾਉਤ ਕਿਸ ਭਾਵ ਲਈ ਵਰਤੀ ਜਾਂਦੀ ਹੈ?
   (ੳ) ਸਵੈ-ਜਾਗਰੂਕਤਾ ਲਈ (ਅ) ਆਤਮ-ਚਿੰਤਨ ਲਈ
   (ੲ) ਆਤਮ-ਵਿਸ਼ਵਾਸ ਲਈ (ਸ) ਆਤਮ-ਪੜਚੋਲ ਲਈ

4. 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚ ਭਰਪੂਰ ਚਿਤਰਨ ਹੋਇਆ ਹੈ :

   (ੳ) ਪੰਜਾਬੀ ਸੱਭਿਆਚਾਰ ਦਾ (ਅ) ਭਾਰਤੀ ਸੱਭਿਆਚਾਰ ਦਾ

   (ੲ) ਦੇਸੀ ਸੱਭਿਆਚਾਰ ਦਾ (ਸ) ਵਿਦੇਸ਼ੀ ਸੱਭਿਆਚਾਰ ਦਾ

5. 'ਮਾੜਾ ਬੰਦਾਂ' ਕਹਾਣੀ ਵਿੱਚ ਮਾੜਾ ਬੰਦਾ ਕੌਣ ਹੈ ?

   (ੳ) ਰਿਕਸ਼ੇ ਵਾਲ਼ਾ (ਅ) ਲੇਖਕ ਦੀ ਪਤਨੀ

   (ੲ) ਲੇਖਕ (ਸ) ਤਿੰਨਾਂ ਵਿੱਚੋਂ ਕੋਈ ਵੀ ਨਹੀਂ ।

### ਭਾਗ(ੲ): ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:

1. ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਤੇ ਤਿਉਹਾਰਾਂ ਨਾਲ਼ ਸੰਬੰਧਿਤ ਹਨ।
2. ਬਿਰਖ ਦੀ ਟਾਹਣੀ ਜਾਂ ਹਰੀ ਘਾਹ ਜਿਸਨੂੰ 'ਦੱਭ' ਵੀ ਕਹਿੰਦੇ ਹਨ, ਚੰਗੇ ਸ਼ਗਨਾਂ ਦੀ ਸੂਚਕ ਮੰਨੀ ਜਾਂਦੀ ਹੈ।
3. ਰੂਹਾਂ ਅਟਕਣ ਨਾਲ਼ ਡਿਗਦੀਆਂ ਨਹੀਂ।
4. 'ਸਾਂਝ' ਕਹਾਣੀ ਵਿੱਚ ਆਏ ਮੁੱਖ ਪਾਤਰ ਪ੍ਰੋਫ਼ੈਸਰ, ਚੀਰੇ ਵਾਲ਼ਾ ਸਾਈਕਲ ਸਵਾਰ ਅਤੇ ਬੁੱਢੀ ਮਾਈ ਹਨ।
5. ਸਾਰੇ ਪਾਸਿਓਂ ਸਮੱਸਿਆਵਾਂ ਵਿੱਚ ਘਿਰੇ ਵਿਅਕਤੀ ਲਈ 'ਅੱਗੇ ਸੱਪ ਤੇ ਪਿੱਛੇ ਸ਼ੀਂਹ' ਅਖਾਉਤ ਢੁਕਵੀਂ ਹੈ।

ਭਾਗ(ਸ): ਖ਼ਾਲੀ ਥਾਵਾਂ ਭਰੋ:

1. ਭੰਗੜੇ ਦੀਆਂ ......... ਮੁਦਰਾਵਾਂ ਹਨ ।(ਦੋ/ਚਾਰ/ਅਣਗਿਣਤ/ਦਸ)
2. ਸੰਮੀ ਮੇਰੀ ਵਣ,ਕੋਠੇ 'ਤੇ ........., ਵਣ ਸੰਮੀਆਂ ।(ਤੰਦੂਰ/ਬਨੇਰਾ/ਛੱਜ/ਲੱਸੀ)
3. ਆਪਣੇ ਹੱਥੀਂ ਆਪਣਾ ਆਪੇ ਹੀ ....... ਸਵਾਰੀਐ ।(ਕੰਮ/ਕਾਜ/ਕਾਰਜ/ਕਿਰਤ)
4. ਉਸ ਥਾਂਉਂ 'ਕਸ਼ਮੀਰ' ਬਣ ਗਿਆ .......ਜਗ ਤੋਂ ਨਿਆਰੀ। (ਲੱਕੜੀ/ਟੁਕੜੀ/ਪਟੜੀ/ਤੱਕੜੀ)
5. ਜੀਤੋ ਦੇ ਵੀਰ ਦੀ .......ਦੇ ਘਮਸਾਣ ਵਿੱਚ ਮੱਤ ਮਾਰੀ ਗਈ ਸੀ ।(ਵਿਆਹ/ਸ਼ਗਨ/ਖ਼ੁਸ਼ੀ/ਗ਼ਮੀਂ)

**20x2=40**

ਪ੍ਰਸ਼ਨ 2. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:

(ੳ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ ।

(ਅ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ? ਦੇਵੀ ਮਾਤਾ ਨਾਲ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ ।

(ੲ) ਰਸਮਾਂ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?

(ਸ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ?

(ਹ) ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ-ਕਲਾ ਦਾ ਸਿਖਰ ਕਿਉਂ ਮੰਨਿਆਂ ਜਾਂਦਾ ਹੈ?

2*3=6

ਪ੍ਰਸ਼ਨ 3. ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ-ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ ।

ਜਾਂ

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ ।

1+3+1=5

ਪ੍ਰਸ਼ਨ 4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ:

ਆਮ ਜ਼ਿੰਦਗੀ ਵਿੱਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ, ਇਹ ਚੰਗੀ ਪਰਵਰਿਸ਼ ਦਾ ਨਤੀਜਾ ਹੈ । ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ, ਉਹਨਾਂ ਦਾ ਬਚਪਨ ਜ਼ਰੂਰ ਕੁਝ ਤਰੁੱਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ । ਸਿਆਣਿਆਂ ਦਾ ਕਥਨ ਹੈ, ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ ਉਸ ਦੀ ਨੀਅਤ ਸਾਰੀ ਉਮਰ ਹੀ ਨਹੀਂ ਰੱਜਦੀ । ਇਸੇ ਤਰ੍ਹਾਂ ਜੋ ਬਚਪਨ ਪਿਆਰ-ਵਿਹੂਣਾ ਹੁੰਦਾ ਹੈ ਉਹ ਸਾਰੀ ਉਮਰ ਸਮਾਜ ਨੂੰ ਗੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁਝ ਨਹੀਂ ਦੇ ਸਕਦਾ । ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ । ਸਮਾਜ ਨੇ ਪਰਿਵਾਰ ਦੀ, ਘਰ ਦੀ, ਜੋ ਸਕੂਲ ਦਾ ਦੂਸਰਾ ਨਾਂ ਹੈ । ਥੋੜ੍ਹੀ ਜਿਹੀ ਲਾਪਰਵਾਹੀ ਬੱਚੇ`ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦਿੰਦੀ ਹੈ । ਦੁਨੀਆਂ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ) ਕਿਸਮ ਦੇ ਆਦਮੀ ਹੋਏ ਹਨ, ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ`ਤੇ ਸਾਮਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ, ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ । 3+1=4

ਪ੍ਰਸ਼ਨ 5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| | |
|---|---|
| ਜੰਗਲ | ਬਸੰਤ |
| ਗੁੜ੍ਹਤੀ | ਮਕੋੜ |
| ਕੰਙਣਾ | ਭਗਵਾਨ |

| | | |
|---|---|---|
| ਬਖੁਬਿੰਦ | ਕਿਰਿਆ | |
| ਭਿੱਟਣਾ | ਦਸਤਕਾਰ | |
| ਚਿਰਾਗ਼ | ਨਕੇਲ | 1/2*6=3 |

ਪ੍ਰਸ਼ਨ 6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ । (ਸੰਜੁਗਤ-ਵਾਕ)

(ਅ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ । (ਨਾਂਹ-ਵਾਚਕ-ਵਾਕ)

(ੲ) ਕਿਸੇ ਨਾਲ ਕੌੜਾ ਨਾ ਬੋਲੋ । (ਹਾਂ-ਵਾਚਕ-ਵਾਕ)

(ਸ) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ । (ਪ੍ਰਸ਼ਨ-ਵਾਚਕ ਵਾਕ)

(ਹ) ਬਲਜੀਤ ਨੇ ਚਾਹ ਪੀਤੀ । (ਕਰਮਣੀ ਵਾਚਕ ਵਾਕ)

(ਸ) ਜਦ ਬਿਪਤਾ ਪਏ ਤਦ ਧੀਰਜ ਰੱਖੋ। (ਸਧਾਰਨ ਵਾਕ)

1*3=3

ਪ੍ਰਸ਼ਨ 7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:

(ੳ) ਅੱਗੇ ਸੱਪ ਤੇ ਪਿੱਛੇ ਮੀਂਹ

(ਅ) ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ

(ੲ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ .

(ਸ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(ਹ) ਡਾਢੇ ਨਾਲ਼ ਭਿਆਲੀ ਉਹ ਮੰਗੇ ਹਿੱਸਾ ਉਹ ਕੱਢੇ ਗਾਲੀ

3*2=6

ਪ੍ਰਸ਼ਨ 8. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ ਤਾਜਮਹਲ (ਪ੍ਰੋ. ਮੋਹਨ ਸਿੰਘ )

(ਅ) ਮੇਰਾ ਬਚਪਨ (ਹਰਭਜਨ ਸਿੰਘ)

(ੲ) ਐਵੇਂ ਨਾ ਬੁਤਾਂ ਤੇ ਡੋਲ਼ੀ ਜਾਂ ਪਾਣੀ (ਸੁਰਜੀਤ ਪਾਤਰ) 3

ਪ੍ਰਸ਼ਨ 9. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) । 5

-----ਪਸਕ-----